Surrey Schools
LEADERSHIP IN LEARNING

# ਤੁਹਾਨੂੰ ਏ ਆਈ ਬਾਰੇ ਕੀ ਜਾਣਨ ਦੀ ਲੋੜ ਹੈ?

### ਵੱਡੇ ਬੱਚਿਆਂ ਲਈ

## ਸੁਰੱਖਿਅਤ ਰਹੋ

ਉਸ ਜਾਣਕਾਰੀ ਬਾਰੇ ਸੁਚੇਤ ਰਹੋ ਜਹਿੜੀ ਤੁਸੀਂ ਏ ਆਈ ਨਾਲ ਸਾਂਝੀ ਕਰਦੇ ਹੋ। ਹਮੇਸ਼ਾਂ ਆਪਣੀ ਨੀਜੀ ਜਾਣਕਾਰੀ ਅਤੇ ਦੂਸਰਿਆਂ ਦੀ ਜਾਣਕਾਰੀ ਨੂੰ ਪ੍ਰਾਈਵੇਟ ਰੱਖੋ। ਜੇ ਤੁਸੀਂ ਦੇਖੋ ਕਿ ਏ ਆਈ ਨੂੰ ਨੁਕਸਾਨ ਕਰਨ ਵਾਲੇ ਮਕਸਦਾਂ ਜਾਂ ਗਲਤ ਜਾਣਕਾਰੀ ਫੈਲਾਉਣ ਲਈ ਵਰਤਿਆ ਜਾ ਰਹਿਾ ਹੈ ਤਾਂ ਆਪਣੇ ਟੀਚਰ ਜਾਂ ਕਸਿ ਭਰੋਸੇਯੋਗ ਬਾਲਗ ਨੂੰ ਦੱਸੋ।

## ਪਾਰਦਰਸੀ ਬਣੋ

ਅਕਾਦਮਕਿ ਇਮਾਨਦਾਰੀ ਕਾਇਮ ਰੱਖੋ। ਏ ਆਈ ਦੇ ਸਾਧਨਾਂ (ਟੂਲਜ਼) ਨੂੰ ਠੀਕ ਢੰਗ ਨਾਲ ਕ੍ਰੈਡਟਿ ਦਓਿ ਅਤੇ ਉਹਨਾਂ ਦਾ ਠੀਕ ਹਵਾਲਾ ਦਓਿ ਤਾਂ ਕਿ ਦੂਜਆਿਂ ਨੂੰ ਤੁਹਾਡੇ ਕੰਮ ਵੱਿਚ ਏ ਆਈ ਵਲੋਂ ਨਭਿਾਈ ਭੂਮਕਿਾ ਨੂੰ ਸਮਝ ਸਕਣ ਵੱਿਚ ਮਦਦ ਮਲਿੇ।

## ਆਲੋਚਨਾਤਮਕ ਅਤੇ ਸਰਿਜਣਾਤਮਕ ਢੰਗ ਨਾਲ ਸੋਚੋ

ਏ ਆਈ ਵਲੋਂ ਪੇਸ਼ ਕੀਤੀ ਸਮੱਗਰੀ ਨੂੰ ਆਪਣੇ ਵਚਿਾਰਾਂ ਨੂੰ ਚਣਿਗ ਲਾਉਣ ਵਾਲਾ ਮੁਢਲਾ ਨੁਕਤਾ ਸਮਝੋ। ਆਪਣੀ ਸਮਝ ਨੂੰ ਡੂੰਘਾ ਕਰਨ ਲਈ "ਕਵਿੇਂ" ਅਤੇ "ਕਉਿਂ" ਦੇ ਸਵਾਲ ਪੁੱਛੋ। ਭਾਵੇਂ ਤੁਸੀਂ ਕਸਿ ਸਮੱਸਆਿ ਨੂੰ ਹੱਲ ਕਰ ਰਹੇ ਹੋਵੋ, ਕੁੱਝ ਨਵਾਂ ਸਰਿਜ ਰਹੇ ਹੋਵੋ ਜਾਂ ਕਸਿ ਨਵੇਂ ਸੰਕਲਪ ਬਾਰੇ ਸਖਿ ਰਹੇ ਹੋਵੋ, ਆਪਣੀ ਮਨੁੱਖੀ ਸਰਿਜਣਾਤਮਕਤਾ ਅਤੇ ਆਲੋਚਨਾਤਮਕ ਸੋਚ ਨੂੰ ਏ ਆਈ ਦੀਆਂ ਸਮਰੱਥਾਵਾਂ ਨਾਲ ਸ਼ਾਮਲ ਕਰੋ।

## ਪੱਖਪਾਤ ਅਤੇ ਦਰੁੱਸਤੀ ਨੂੰ ਚੈੱਕ ਕਰੋ

ਏ ਆਈ ਵਲੋਂ ਤਆਿਰ ਕੀਤੀ ਸਮੱਗਰੀ ਦੀ ਪੁਸ਼ਟੀ ਕਰਨ ਲਈ ਆਲੋਚਨਾਤਮਕ ਸੋਚ ਦੀ ਵਰਤੋਂ ਕਰੋ ਅਤੇ ਭਰੋਸੇਯੋਗ ਸ੍ਰੋਤਾਂ ਨਾਲ ਮਲਿਾ ਕੇ ਦੇਖੋ। ਤੱਥਾਂ ਦੀ ਪੁਸ਼ਟੀ ਕਰੋ, ਸਬੂਤਾਂ ਨੂੰ ਦੇਖੋ, ਤਰੀਕਾਂ ਨੂੰ ਚੈੱਕ ਕਰੋ, ਸ੍ਰੋਤ 'ਤੇ ਗੌਰ ਕਰੋ ਅਤੇ ਸੰਤੁਲਨ ਨਜ਼ਰੀਏ ਲਈ ਕਈ ਦ੍ਰਸ਼ਿਟੀਕੋਨਾਂ ਵੱਲ ਧਆਿਨ ਦਓਿ।

## ਏ ਆਈ ਨੂੰ ਨੈਤੁਕਿ ਢੰਗ ਨਾਲ ਵਰਤੋ

ਆਪਣਾ ਕੰਮ ਮੁਕੰਮਲ ਕਰੋ ਅਤੇ ਏ ਆਈ ਦੇ ਸਾਧਨਾਂ (ਟੂਲਜ਼) ਦੀ ਵਰਤੋਂ ਬਾਰੇ ਆਪਣੇ ਟੀਚਰਾਂ ਨਾਲ ਸਲਾਹ ਮਸ਼ਵਰਾ ਕਰੋ। ਏ ਆਈ ਨੂੰ ਆਪਣੇ ਕੰਮ ਨੂੰ ਵਧੀਆ ਬਣਾਉਣ ਲਈ ਵਰਤੋ, ਨਾ ਕਿ ਨਕਲ ਮਾਰਨ ਨੂੰ ਜਾਂ ਅਜਹਿੀ ਸਮੱਗਰੀ ਤਆਿਰ ਕਰਨ ਨੂੰ ਜਸਿ ਨੂੰ ਤੁਸੀਂ ਆਪਣੀ ਕਹਿ ਕੇ ਪੇਸ਼ ਕਰੋ।

## ਏ ਆਈ ਦੀ ਸੀਮਾ ਨੂੰ ਜਾਣੋ

ਲਾਹੇਵੰਦ (ਜਨਰੇਟਵਿ) ਏ ਆਈ ਬਾਰੇ ਸਾਵਧਾਨ ਰਹੋ, ਖਾਸ ਕਰਕੇ ਤਾਜ਼ੇ ਜਾਂ ਨਵੇਂ ਵਸ਼ਿਆਂ ਬਾਰੇ, ਕਉਿਂਕਿ ਹੋ ਸਕਦਾ ਹੈ ਕਿ ਏ ਆਈ ਨਵੀਂ ਜਾਣਕਾਰੀ ਪ੍ਰਦਾਨ ਨਾ ਕਰੇ। ਆਲੋਚਨਾਤਮਕ ਅਤੇ ਜਾਣਕਾਰ ਰਹਣਿਾ ਤੁਹਾਡੀ ਮਸਲਆਿਂ ਨਾਲ ਜ਼ੰਿਮੇਵਾਰੀ ਨਾਲ ਨਪਿਟਣ ਅਤੇ ਚੰਗੇ ਫੈਸਲੇ ਕਰਨ ਵੱਿਚ ਮਦਦ ਕਰ ਸਕਦਾ ਹੈ।